(i) **Printed Pages: 3** **Roll No. ..............................**

(ii) **Questions : 7**

**Sub. Code : 0 9 3 8**

**Exam. Code : 0 0 3 0**

**Bachelor of Computer Applications 4th Semester**

**1059**

**PUNJABI**

**Paper–(Compulsory) BCA–16–401**

**Time Allowed : Three Hours]** **[Maximum Marks : 45**

1. ਹੇਠ ਲਿਖੇ ਕਾਵਿ-ਬੰਦਾਂ ਵਿੱਚੋਂ ਕਿਸੇ **ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਲੋਕੀਂ ਪੂਜਨ ਰਬ<br>
ਮੈਂ ਤੇਰਾ ਬਿਰਹੜਾ<br>
ਸਾਨੂੰ ਸੌ ਮੱਕਿਆਂ ਦਾ ਹੱਜ<br>
ਮੈਂ ਤੇਰਾ ਬਿਰਹੜਾ<br>
ਲੋਕੀਂ ਕਹਿਣ ਮੈਂ ਸੂਰਜ ਬਣਿਆ<br>
ਲੋਕੀਂ ਕਹਿਣ ਮੈਂ ਰੋਸ਼ਨ ਹੋਇਆ<br>
ਸਾਨੂੰ ਕੇਹੀ ਲਾ ਗਿਆ ਅੱਗ<br>
ਵੇ ਤੇਰਾ ਬਿਰਹੜਾ

(ਅ) ਮੇਰੇ ਤੋਂ ਆਸ ਨਾ ਕਰਿਓ ਕਿ ਮੈਂ ਖੇਤਾਂ ਦਾ ਪੁੱਤ ਹੋ ਕੇ<br>
ਤੁਹਾਡੇ ਚਗਲੇ ਹੋਏ ਸਵਾਂਦਾਂ ਦੀ ਗਲ ਕਰਾਂਗਾਂ<br>
ਜਿਨ੍ਹਾਂ ਦੇ ਹੜ੍ਹ ਚ ਰੁੜ੍ਹ ਜਾਂਦੀ ਹੈ<br>
ਸਾਡੇ ਬੱਚਿਆਂ ਦੀ ਤੋਤਲੀ ਕਵਿਤਾ<br>
ਤੇ ਸਾਡੀਆਂ ਧੀਆਂ ਦਾ ਕੰਜਕ ਜਿਹਾ ਹਾਸਾ। 5

2. ਹੇਠ ਲਿਖੀਆਂ ਕਵਿਤਾਵਾਂ ਵਿੱਚੋਂ ਕਿਸੇ **ਇੱਕ** ਕਵਿਤਾ ਦਾ ਸਾਰ ਜਾਂ ਕੇਂਦਰੀ ਭਾਵ ਦਿਓ :

(ੳ) ਪੰਜਾਬ

(ਅ) ਭੋਲਾ ਪੰਛੀ

(ੲ) ਖਤਾਂ ਦੀ ਉਡੀਕ

(ਸ) ਅਸੀਂ ਲੜਾਂਗੇ ਸਾਥੀ। 5

3. ਹੇਠ ਲਿਖੀਆਂ ਕਹਾਣੀਆਂ ਵਿੱਚੋਂ ਕਿਸੇ **ਇੱਕ** ਕਹਾਣੀ ਦਾ ਸਾਰ ਲਿਖੋ :

(ੳ) ਰੋਹੀ ਬੀਆਬਾਨ

(ਅ) ਪਰਛਾਵੇਂ

(ੲ) ਗਧੀ ਵਾਲਾ। 5

4. ਕਿਸੇ **ਇੱਕ** ਕਵੀ ਜਾਂ ਕਹਾਣੀਕਾਰ ਦੇ ਜੀਵਨ, ਰਚਨਾ ਅਤੇ ਯੋਗਦਾਨ ਬਾਰੇ ਲਿਖੋ :

(ੳ) ਸ਼ਿਵ ਕੁਮਾਰ

(ਅ) ਵਰਿਆਮ ਸੰਧੂ। 8

5. (ੳ) ਤੁਹਾਡੇ ਕਾਲਜ ਵਿੱਚ 'ਵਿਸ਼ਵੀਕਰਣ ਤੇ ਇਸਦੇ ਸਰੋਕਾਰ' ਵਿਸ਼ੇ ਤੇ ਰਾਸ਼ਟਰੀ ਸੈਮੀਨਾਰ ਹੋਣਾ ਹੈ, ਇਸ ਸੰਬੰਧੀ ਤੁਸੀਂ ਪ੍ਰੈਸ ਵਿੱਚ ਸੈਮੀਨਾਰ ਦੀ ਮਿਤੀ, ਸਥਾਨ, ਸਮਾਂ ਤੇ ਇਸ ਵਿੱਚ ਸ਼ਾਮਲ ਹੋਣ ਵਾਲੇ ਡੈਲੀਗੇਟਾਂ ਤੇ ਨਾਮਵਰ ਵਿਦਵਾਨਾਂ ਬਾਰੇ ਪ੍ਰੈਸ ਨੋਟ ਦਿਉ।

**ਜਾਂ**

(ਅ) ਤੁਹਾਡੇ ਕਾਲਜ ਵਿੱਚ ਵਾਰਸ਼ਿਕ ਇਨਾਮ ਸਮਾਰੋਹ ਹੋ ਚੁਕਾ ਹੈ — ਜਿਸ ਬਾਰੇ ਜੋ ਵੀ ਗਤੀਵਿਧੀਆਂ ਹੋਈਆਂ ਉਸ ਸੰਬੰਧੀ ਪ੍ਰੈਸ ਨੋਟ ਲਿਖੋ। 8

6. ਤੁਸੀਂ ਕਿਸੇ ਸ਼ਹਿਰ ਵਿੱਚ ਟਿਊਸ਼ਨ ਸੈਂਟਰ ਪੀ ਸੀ ਐਸ ਦੇ ਕੋਰਸ ਦੀ ਸਿਖਲਾਈ ਲਈ ਖੋਲਣਾ ਚਾਹੁੰਦੇ ਹੋ — ਉਸ ਸੰਬੰਧੀ ਅਖ਼ਬਾਰ ਵਿੱਚ ਇਸ਼ਤਿਹਾਰ ਦਿਉ।

**ਜਾਂ**

ਤੁਸੀਂ ਮੁਹਾਲੀ ਸ਼ਹਿਰ ਵਿੱਚ ਇੱਕ 'ਢਾਬਾ' ਖੋਲਣਾ ਚਾਹੁੰਦੇ ਹੋ — ਉਸ ਲਈ ਸ਼ੈਫ, ਬੈਰ੍ਹੇ, ਮਸ਼ਾਲਚੀਆਂ ਨੂੰ ਮੌਕਾ ਦੇਣ ਲਈ ਅਖ਼ਬਾਰ ਵਿੱਚ ਇੱਕ ਵਿਸਤਾਰ ਸਹਿਤ ਇਸ਼ਤਿਹਾਰ ਦਿਓ। 7

7. ਹੇਠ ਲਿਖੇ ਪੈਰ੍ਹੇ ਦੇ ਵਿਸ਼ਰਾਮ ਚਿੰਨ੍ਹ ਲਗਾਓ :

ਕਿਸ਼ਨਾ ਆਪਣੇ ਬੱਚੇ ਅਤੇ ਪਤਨੀ ਦੀ ਮੌਤ ਤੋਂ ਬਾਦ ਇਕੱਲਾ ਰਹਿ ਜਾਣ ਕਰਕੇ ਉਦਾਸ ਰਹਿੰਦਾ ਸੀ ਉਸਦੀ ਉਦਾਸੀ ਬੇਵੱਸੀ ਤੇ ਦੁੱਖ ਨੂੰ ਵੇਖਕੇ ਉਸਦੇ ਜਵਾਈ ਨੇ ਉਸਨੂੰ ਕਿਹਾ ਤੁਸੀਂ ਸਾਡੇ ਕੋਲ ਸ਼ਹਿਰ ਆ ਜਾਵੋ ਅਸੀਂ ਹਰ ਪ੍ਰਕਾਰ ਦੇ ਸੁੱਖ ਤੇ ਸਹੂਲਤਾਂ ਤੁਹਾਨੂੰ ਦੇਵਾਂਗੇ ਪਰ ਕਿਸ਼ਨਾ ਨਾ ਮੰਨਿਆ 7